# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਤੇ ਐਕਟ ਨੰ: 35 ਤਹਿਤ ਸਥਾਪਿਤ)

**ਡਿਗਰੀ ਸ਼ੈਕਸ਼ਨ**

ਨੰਬਰ : 6847 ਸੀ.ਓ.ਈ

ਮਿਤੀ : 20/07/2023

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,

ਸਮੂਹ ਕਾਲਜਾਂ ਦੇ ਪ੍ਰਿੰਸੀਪਲ/ ਇੰਚਾਰਜ/ ਕੋਆਰਡੀਨੇਟਰ ਸਾਹਿਬਾਨ,

ਕਿਸੇ ਵੀ ਕੋਰਸ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ ਕਾਲਜਾਂ/ ਵਿਭਾਗਾਂ ਵਲੋਂ ਵਿਦਿਆਰਥੀਆਂ ਨੂੰ ਡਿਗਰੀਆਂ ਲੈਣ ਲਈ ਸਿੱਧਾ ਯੂਨੀਵਰਸਿਟੀ ਵਿਖੇ ਭੇਜ ਦਿੱਤਾ ਜਾਂਦਾ ਹੈ ਜਿਸ ਨਾਲ ਡਿਗਰੀ ਸ਼ਾਖਾ ਦੇ ਕੰਮ ਦੀ ਰਫਤਾਰ ਵਿੱਚ ਵਿਘਨ ਪੈਂਦਾ ਹੈ।ਇਸ ਤਰਾਂ ਨਾਲ ਵਿਦਿਆਰਥੀ ਅਤੇ ਕਰਮਚਾਰੀ ਦੋਵੇਂ ਧਿਰ ਪ੍ਰੇਸ਼ਾਨ ਹੁੰਦੇ ਹਨ। ਕੰਟਰੋਲਰ ਪ੍ਰੀਖਿਆਵਾਂ ਦਫ਼ਤਰ ਵਲੋਂ ਪਹਿਲਾਂ ਵੀ ਨੰਬਰ 5674/ ਸੀ.ਓ.ਈ ਮਿਤੀ 22/10/2021 ਨੂੰ ਸਾਰੇ ਵਿਭਾਗਾਂ/ਕਾਲਜਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਕਿਸੇ ਵੀ ਵਿਦਿਆਰਥੀ ਨੂੰ ਸਿੱਧੇ ਤੌਰ ਤੇ ਯੂਨੀਵਰਸਿਟੀ ਨਾ ਭੇਜਿਆ ਜਾਵੇ ।ਵਿਦਿਆਰਥੀਆਂ ਦੇ ਹਰ ਤਰਾਂ ਦੇ ਕੰਮ ਲਈ ਕਾਲਜ/ ਵਿਭਾਗ ਦਾ ਸੰਬੰਧਤ ਕਰਮਚਾਰੀ ਪ੍ਰੀਖਿਆ ਸ਼ਾਖਾ ਨਾਲ ਤਾਲਮੇਲ ਰੱਖੇ।

ਇਸ ਦੇ ਬਾਵਜੂਦ ਕਾਲਜਾਂ/ ਵਿਭਾਗਾਂ ਵਲੋਂ ਵਿਦਿਆਰਥੀਆਂ ਨੂੰ ਸਿੱਧਾ ਯੂਨੀਵਰਸਿਟੀ ਭੇਜਿਆ ਜਾ ਰਿਹਾ ਹੈ । ਸਾਰੇ ਕਾਲਜਾਂ/ ਵਿਭਾਗਾਂ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਾਇਵੇਟ ਅਤੇ ਡਿਗਰੀ ਇੰਨ ਐਬਸ਼ੈਸ਼ੀਆ ਦੇ ਕੇਸਾਂ ਨੂੰ ਛੱਡ ਕੇ ਰੈਗੂਲਰ ਵਿੱਦਿਆਰਥੀਆਂ ਦੀਆਂ ਡਿਗਰੀਆਂ ਸੰਬੰਧੀ ਵਿਦਿਆਰਥੀਆਂ ਦੇ ਦਸਤਾਵੇਜ ਕਾਲਜ/ਵਿਭਾਗ ਵਲੋਂ ਪੂਰੇ ਕੀਤੇ ਜਾਣ । ਡਿਗਰੀ ਤਿਆਰ ਹੋਣ ਦੀ ਸੂਰਤ ਵਿੱਚ ਸਿਰਫ ਕਾਲਜ ਦੇ ਕਰਮਚਾਰੀ ਨੂੰ ਹੀ ਦਸਤੀ ਦਿੱਤੀ ਜਾਵੇਗੀ । ਵਿਦਿਆਰਥੀਆਂ ਨੂੰ ਸਿੱਧੇ ਤੌਰ ਤੇ ਯੂਨੀਵਰਸਿਟੀ ਵਿਖੇ ਡਿਗਰੀ ਨਹੀਂ ਦਿੱਤੀ ਜਾਵੇਗੀ, ਇਸ ਲਈ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਨਾ ਭੇਜਿਆ ਜਾਵੇ ।

18/7/23

ਕੰਟਰੋਲਰ (ਪ੍ਰੀਖਿਆਵਾਂ)

Scanned with CamScan